PUNJABI

Court Network



# ਅਦਾਲਤ ਵਿੱਚ ਤੁਹਾਡਾ ਦਿਨ

## A Guide

Family Violence Intervention Orders in the Magistrates' Court

# ਜੇ ਆਪਣੀ ਸੁਰੱਖਿਆ ਵਾਸਤੇ ਤੁਹਾਡੇ ਕੋਈ ਤੁਰੰਤ ਸ਼ੰਕੇ ਹਨ ਤਾਂ 000 ਨੂੰ ਫ਼ੋਨ ਕਰੋ

**ਪਰਿਵਾਰਕ ਹਿੰਸਾ:** ਹਾਨੀਕਾਰਕ ਵਿਵਹਾਰ ਜੋ ਡਰ ਜਾਂ ਤਾਕਤ ਦੁਆਰਾ ਪਰਿਵਾਰ ਦੇ ਕਿਸੇ ਮੈਂਬਰ ਨੂੰ ਕਾਬੂ ਵਿੱਚ ਕਰਨ, ਧਮਕਾਉਣ, ਧੱਕਾ ਕਰਨ ਜਾਂ ਹਾਵੀ ਹੋਣ ਲਈ ਵਰਤਿਆ ਜਾਂਦਾ ਹੈ। ਇਹ ਤੁਹਾਡੇ ਸੋਚਣ ਨਾਲੋਂ ਵਧੇਰੇ ਗੁੰਝਲਦਾਰ ਤਰੀਕਿਆਂ ਨਾਲ ਪੇਸ਼ ਹੋ ਸਕਦਾ ਹੈ, ਪੂਰੀ ਪਰਿਭਾਸ਼ਾ ਅਤੇ ਉਦਾਹਰਣਾਂ ਲਈ ਵੇਖੋ: www.vic.gov.au/what-family-violence.

**ਪਰਿਵਾਰਕ ਹਿੰਸਾ ਦਖਲਅੰਦਾਜ਼ੀ ਆਦੇਸ਼ (FVIO ਜਾਂ IVO):** ਕਿਸੇ ਵਿਅਕਤੀ, ਉਨ੍ਹਾਂ ਦੇ ਬੱਚਿਆਂ ਅਤੇ ਉਨ੍ਹਾਂ ਦੀ ਜਾਇਦਾਦ ਨੂੰ ਕਿਸੇ ਪਰਿਵਾਰ ਦੇ ਜੀਅ, ਸਾਥੀ, ਜਾਂ ਸਾਬਕਾ ਸਾਥੀ ਤੋਂ ਬਚਾਉਣ ਲਈ ਅਦਾਲਤੀ ਆਦੇਸ਼।

**ਬਿਨੈਕਾਰ:** ਅਦਾਲਤ ਦੇ ਆਦੇਸ਼ ਲਈ ਅਰਜ਼ੀ ਦੇਣ ਵਾਲਾ ਵਿਅਕਤੀ। ਅਕਸਰ ਪੁਲਿਸ ਜਾਂ ਪਰਿਵਾਰਕ ਹਿੰਸਾ ਦਾ ਪੀੜਤ/ਬਚ ਨਿਕਲਣ ਵਾਲਾ ਵਿਅਕਤੀ।

**ਸੁਰੱਖਿਅਤ ਵਿਅਕਤੀ:** ਇਕ ਵਿਅਕਤੀ ਜੋ ਦਖ਼ਲ-ਅੰਦਾਜ਼ੀ ਦੇ ਆਦੇਸ਼ ਦੇ ਅਧੀਨ ਸੁਰੱਖਿਅਤ ਹੈ। ਇਹ ਬਿਨੈਕਾਰ ਅਤੇ ਉਨ੍ਹਾਂ ਦੇ ਬੱਚੇ ਹੋ ਸਕਦੇ ਹਨ।

**ਜਵਾਬ ਦੇਣ ਵਾਲਾ:** ਪਰਿਵਾਰਕ ਹਿੰਸਾ ਕਰਨ ਦਾ ਦੋਸ਼ੀ ਵਿਅਕਤੀ।

**ਸੁਣਵਾਈ:** ਅਦਾਲਤ ਵਿੱਚ ਕੇਸ ਦੀ ਪੇਸ਼ਕਾਰੀ।



# ਪਰਿਵਾਰਕ ਹਿੰਸਾ ਦਖ਼ਲ-ਅੰਦਾਜ਼ੀ ਆਦੇਸ਼ (FVIO)

FVIO ਕਾਨੂੰਨੀ ਤੌਰ 'ਤੇ ਲਾਗੂ ਕਰਨ ਯੋਗ ਅਦਾਲਤੀ ਆਦੇਸ਼ ਹੈ ਜਿਸ ਦਾ ਉਦੇਸ਼ ਕਿਸੇ ਵਿਅਕਤੀ, ਉਨ੍ਹਾਂ ਦੇ ਬੱਚਿਆਂ ਅਤੇ ਉਨ੍ਹਾਂ ਦੀ ਜਾਇਦਾਦ ਨੂੰ ਸੁਰੱਖਿਆ ਪ੍ਰਦਾਨ ਕਰਨਾ ਹੈ। ਇਹ ਆਦੇਸ਼ ਅਦਾਲਤ ਵਿੱਚ ਮੈਜਿਸਟ੍ਰੇਟ ਦੁਆਰਾ ਦਿੱਤਾ ਜਾਂਦਾ ਹੈ।

ਆਦੇਸ਼ ਵਿੱਚ ਜਵਾਬ ਦੇਣ ਵਾਲੇ ਨੂੰ ਸੁਰੱਖਿਅਤ ਵਿਅਕਤੀ ਵਿਰੁੱਧ ਪਰਿਵਾਰਕ ਹਿੰਸਾ ਦੀ ਵਰਤੋਂ ਕਰਨ ਤੋਂ ਰੋਕਣ ਦੀਆਂ ਸ਼ਰਤਾਂ ਹੁੰਦੀਆਂ ਹਨ।

ਸ਼ਰਤਾਂ 'ਤੇ ਨਿਰਭਰ ਕਰਦੇ ਹੋਏ, FVIO ਜਵਾਬ ਦੇਣ ਵਾਲੇ ਨੂੰ ਇਹ ਕਰਨ ਲਈ ਕਹਿ ਸਕਦਾ ਹੈ:

- ਵਿਵਹਾਰ ਨੂੰ ਬੰਦ ਕਰੋ
- ਸੁਰੱਖਿਅਤ ਵਿਅਕਤੀ ਨਾਲ ਸੰਪਰਕ ਨਾ ਕਰੋ ਜਾਂ ਸੰਚਾਰ ਨਾ ਕਰੋ, ਜਾਂ ਕਿਸੇ ਹੋਰ ਨੂੰ ਉਨ੍ਹਾਂ ਲਈ ਅਜਿਹਾ ਕਰਨ ਲਈ ਕਹੋ
- ਸੁਰੱਖਿਅਤ ਵਿਅਕਤੀ ਕੋਲ ਨਾ ਜਾਓ ਜਾਂ ਉਸ ਦੇ ਨੇੜੇ ਨਾ ਰਹੋ, ਜਾਂ ਕਿਸੇ ਹੋਰ ਨੂੰ ਉਨ੍ਹਾਂ ਲਈ ਅਜਿਹਾ ਕਰਨ ਲਈ ਕਹੋ।

FVIO ਸਿਵਲ ਮਾਮਲਾ ਹੈ। ਜੇ ਜਵਾਬ ਦੇਣ ਵਾਲਾ ਕੋਈ ਸ਼ਰਤ ਤੋੜਦਾ ਹੈ, ਤਾਂ ਇਸ ਦੀ ਰਿਪੋਰਟ ਪੁਲਿਸ ਨੂੰ ਕਰੋ। ਸ਼ਰਤਾਂ ਨੂੰ ਤੋੜਨਾ ਜੁਰਮ ਹੈ।

# FVIO ਵਾਸਤੇ ਅਰਜ਼ੀ ਦੇਣਾ

ਜੇ ਤੁਸੀਂ ਪਰਿਵਾਰਕ ਹਿੰਸਾ ਦਾ ਸ਼ਿਕਾਰ ਹੋ, ਤਾਂ ਤੁਸੀਂ FVIO ਲਈ ਔਨਲਾਈਨ ਅਰਜ਼ੀ ਦੇ ਸਕਦੇ ਹੋ ਜਾਂ ਇੱਥੇ ਜਾ ਕੇ ਵਧੇਰੇ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ: www.mcv.vic.gov.au/intervention-orders

ਕਈ ਵਾਰ, ਪੁਲਿਸ ਤੁਹਾਡੇ ਵੱਲੋਂ ਅਦਾਲਤ ਵਿੱਚ ਅਰਜ਼ੀ ਦੇ ਸਕਦੀ ਹੈ।

# ਆਪਣੀ FVIO ਸੁਣਵਾਈ ਵਾਸਤੇ ਅਦਾਲਤ ਵਿੱਚ ਹਾਜ਼ਰ ਹੋਣਾ

**ਜੇ ਪੁਲਿਸ ਤੁਹਾਡੇ ਵੱਲੋਂ FVIO ਵਾਸਤੇ ਅਰਜ਼ੀ ਦੇ ਰਹੀ ਹੈ, ਤਾਂ ਉਹਨਾਂ ਨੂੰ ਪੁੱਛੋ ਕਿ ਕੀ ਤੁਹਾਨੂੰ ਅਦਾਲਤ ਵਿੱਚ ਹਾਜ਼ਰ ਹੋਣ ਦੀ ਲੋੜ ਹੈ।**

## ਸੁਰੱਖਿਆ ਚਿੰਤਾਵਾਂ

- ਜੇ ਤੁਹਾਨੂੰ ਸੁਰੱਖਿਆ ਸਬੰਧੀ ਚਿੰਤਾਵਾਂ ਹਨ, ਤਾਂ ਆਪਣੀ ਸੁਣਵਾਈ ਦੀ ਤਰੀਕ ਤੋਂ ਪਹਿਲਾਂ ਅਦਾਲਤ ਨੂੰ ਫ਼ੋਨ ਕਰੋ। ਉਹ ਸੁਰੱਖਿਅਤ ਰੂਪ ਵਿੱਚ ਅੰਦਰ ਦਾਖ਼ਲ ਹੋਣ ਅਤੇ ਉਡੀਕ ਕਮਰਿਆਂ ਸਬੰਧੀ ਤੁਹਾਡੀ ਸਹਾਇਤਾ ਕਰਨ ਦੇ ਯੋਗ ਹੋ ਸਕਦੇ ਹਨ।

## ਜੇ ਤੁਹਾਨੂੰ ਦੁਭਾਸ਼ੀਏ ਦੀ ਲੋੜ ਹੈ

- ਜੇ ਤੁਹਾਨੂੰ ਅਦਾਲਤ ਵਿੱਚ ਤੁਹਾਡੀ ਸਹਾਇਤਾ ਕਰਨ ਲਈ ਦੁਭਾਸ਼ੀਏ ਦੀ ਲੋੜ ਹੈ, ਤਾਂ ਆਪਣੀ ਅਦਾਲਤ ਦੀ ਤਰੀਕ ਤੋਂ ਪਹਿਲਾਂ ਅਦਾਲਤ ਨੂੰ ਫ਼ੋਨ ਕਰੋ, ਤੁਸੀਂ ਮੁਫ਼ਤ ਦੁਭਾਸ਼ੀਆ ਸੇਵਾ ਲਈ ਯੋਗ ਹੋ ਸਕਦੇ ਹੋ।
- ਜੇ ਤੁਹਾਨੂੰ ਦੁਭਾਸ਼ੀਏ ਦੀ ਲੋੜ ਹੈ ਤਾਂ ਇਹ ਮਹੱਤਵਪੂਰਨ ਹੈ ਕਿ ਤੁਸੀਂ ਇਸ ਦੀ ਵਰਤੋਂ ਕਰੋ। ਇਹ ਮਹੱਤਵਪੂਰਨ ਹੈ ਕਿ ਤੁਸੀਂ ਸਮਝਦੇ ਹੋਵੋ ਕਿ ਅਦਾਲਤ ਵਿੱਚ ਕੀ ਹੋ ਰਿਹਾ ਹੈ।
- ਜੇ ਤੁਸੀਂ ਦੁਭਾਸ਼ੀਏ ਨੂੰ ਬੁੱਕ ਕੀਤਾ ਹੈ, ਤਾਂ ਤੁਹਾਡੀ ਅਦਾਲਤ ਦੀ ਸੁਣਵਾਈ ਦੁਭਾਸ਼ੀਏ ਤੋਂ ਬਿਨਾਂ ਨਹੀਂ ਹੋਣੀ ਚਾਹੀਦੀ। ਜੇ ਤੁਹਾਨੂੰ ਪੱਕਾ ਯਕੀਨ ਨਹੀਂ ਹੈ ਕਿ ਕੀ ਦੁਭਾਸ਼ੀਏ ਨੂੰ ਬੁੱਕ ਕੀਤਾ ਗਿਆ ਹੈ, ਤਾਂ ਰਜਿਸਟਰੀ ਡੈਸਕ ਕੋਲੋਂ ਪਤਾ ਕਰੋ।

## ਅਦਾਲਤ ਵਿੱਚ ਪੂਰਾ ਦਿਨ ਲੱਗ ਸਕਦਾ ਹੈ।

- ਤੁਸੀਂ ਕੁਝ ਘੰਟਿਆਂ ਜਾਂ ਪੂਰੇ ਦਿਨ ਲਈ ਅਦਾਲਤ ਵਿੱਚ ਹੋ ਸਕਦੇ ਹੋ, ਇਸ ਲਈ ਕੋਸ਼ਿਸ਼ ਕਰੋ ਕਿ ਤੁਹਾਡੇ ਅਦਾਲਤ ਵਾਲੇ ਦਿਨ ਕੋਈ ਹੋਰ ਮੁਲਾਕਾਤਾਂ ਤੈਅ ਨਾ ਕੀਤੀਆਂ ਜਾਣ। ਜੇ ਤੁਹਾਡੇ ਬੱਚੇ ਜਾਂ ਉਹ ਲੋਕ ਹਨ ਜਿਨ੍ਹਾਂ ਦੀ ਤੁਸੀਂ ਦੇਖਭਾਲ ਕਰਦੇ ਹੋ, ਤਾਂ ਦਿਨ ਭਰ ਉਨ੍ਹਾਂ ਦੀ ਦੇਖਭਾਲ ਕਰਨ ਲਈ ਕਿਸੇ ਹੋਰ ਦਾ ਪ੍ਰਬੰਧ ਕਰਨ ਦੀ ਕੋਸ਼ਿਸ਼ ਕਰੋ।

## ਸਹਾਇਤਾ

- ਜੇ ਸੰਭਵ ਹੋਵੇ, ਤਾਂ ਆਪਣੇ ਨਾਲ ਕਿਸੇ ਸਹਾਇਤਾ ਕਰਨ ਵਾਲੇ ਵਿਅਕਤੀ ਨੂੰ ਅਦਾਲਤ ਵਿੱਚ ਲਿਆਓ। ਇਹ ਕੋਈ ਦੋਸਤ ਜਾਂ ਪਰਿਵਾਰ ਦਾ ਜੀਅ ਹੋ ਸਕਦਾ ਹੈ। ਜੇ ਇਹ ਸੰਭਵ ਨਹੀਂ ਹੈ ਜਾਂ ਤੁਸੀਂ ਅਦਾਲਤ ਅਤੇ ਇਸ ਦੀਆਂ ਪ੍ਰਕਿਰਿਆਵਾਂ ਤੋਂ ਜਾਣੂ ਕਿਸੇ ਵਿਅਕਤੀ ਤੋਂ ਵਾਧੂ ਸਹਾਇਤਾ ਚਾਹੁੰਦੇ ਹੋ, ਤਾਂ ਤੁਸੀਂ **ਕੋਰਟ ਨੈੱਟਵਰਕ** ਨਾਲ 1800 571 239 'ਤੇ ਸਹਾਇਤਾ ਬੁੱਕ ਕਰ ਸਕਦੇ ਹੋ।
- ਜੇ ਤੁਹਾਨੂੰ ਅਦਾਲਤ ਵਿੱਚ ਹਾਜ਼ਰ ਹੋਣ ਲਈ ਹੋਰ ਸਹਾਇਤਾ ਦੀ ਲੋੜ ਹੈ, ਤਾਂ ਤੁਸੀਂ ਅਦਾਲਤ ਜਾਂ ਕੋਰਟ ਨੈੱਟਵਰਕ ਨੂੰ ਪੁੱਛ ਸਕਦੇ ਹੋ ਕਿ ਕੀ ਉਪਲਬਧ ਹੈ।

## ਕੀ ਪਹਿਨਣਾ ਹੈ ਅਤੇ ਕੀ ਨਾਲ ਲਿਆਉਣਾ ਹੈ

- ਪਹਿਨੋ: ਬਣਦੇ-ਠਣਦੇ (ਸਮਾਰਟ), ਸਾਫ਼ ਕੱਪੜੇ।
- ਲਿਆਓ: ਸਨੈਕਸ ਅਤੇ ਪਾਣੀ, ਪੂਰੀ ਤਰ੍ਹਾਂ ਚਾਰਜ ਕੀਤੀਆਂ ਡਿਵਾਈਸਾਂ ਅਤੇ ਤੁਹਾਡੇ ਕੇਸ/ਮਾਮਲੇ ਨਾਲ ਸਬੰਧਿਤ ਕੋਈ ਵੀ ਦਸਤਾਵੇਜ਼।



# ਅਦਾਲਤ

## ਜਦੋਂ ਤੁਸੀਂ ਪਹੁੰਚਦੇ ਹੋ

- ਜਦੋਂ ਤੁਸੀਂ ਅਦਾਲਤ ਵਿੱਚ ਪਹੁੰਚਦੇ ਹੋ ਤਾਂ ਰਜਿਸਟਰੀ ਕਾਊਂਟਰ 'ਤੇ ਜਾਓ।
- ਰਜਿਸਟਰੀ ਅਮਲੇ ਨੂੰ ਦੱਸੋ ਕਿ ਤੁਹਾਡੀ ਅਦਾਲਤ ਵਿੱਚ ਸੁਣਵਾਈ ਹੈ, ਉਨ੍ਹਾਂ ਨੂੰ ਆਪਣੇ ਅਦਾਲਤੀ ਦਸਤਾਵੇਜ਼ ਦਿਖਾਓ।
- ਜੇ ਅਦਾਲਤ ਨੇ ਤੁਹਾਡੇ ਲਈ ਦੁਭਾਸ਼ੀਏ ਦਾ ਪ੍ਰਬੰਧ ਕੀਤਾ ਹੈ, ਤਾਂ ਅਮਲੇ ਨੂੰ ਪੁੱਛੋ ਕਿ ਉਹ ਕਦੋਂ ਪਹੁੰਚਣਗੇ। ਜੇ ਕੋਈ ਦੁਭਾਸ਼ੀਆ ਬੁੱਕ ਨਹੀਂ ਕੀਤਾ ਗਿਆ ਹੈ ਪਰ ਤੁਹਾਨੂੰ ਇਸ ਦੀ ਲੋੜ ਹੈ, ਤਾਂ ਅਮਲੇ ਨੂੰ ਪੁੱਛੋ ਕਿ ਕੀ ਕੋਈ ਦੁਭਾਸ਼ੀਆ ਉਪਲਬਧ ਹੈ।
- ਜੇ ਤੁਹਾਨੂੰ ਕਾਨੂੰਨੀ ਸਲਾਹ ਨਹੀਂ ਮਿਲੀ ਹੈ ਅਤੇ ਤੁਹਾਡੀ ਨੁਮਾਇੰਦਗੀ (ਕਿਸੇ ਵਕੀਲ ਜਾਂ ਪੁਲਿਸ ਦੁਆਰਾ) ਨਹੀਂ ਕੀਤੀ ਜਾ ਰਹੀ ਹੈ, ਤਾਂ ਰਜਿਸਟਰੀ ਨੂੰ ਦੱਸੋ ਜੇ ਤੁਸੀਂ ਡਿਊਟੀ ਵਕੀਲ ਨਾਲ ਗੱਲ ਕਰਨਾ ਚਾਹੁੰਦੇ ਹੋ।
- ਜੇ ਤੁਹਾਨੂੰ ਸੁਰੱਖਿਆ ਸੰਬੰਧੀ ਕੋਈ ਚਿੰਤਾਵਾਂ ਹਨ, ਤਾਂ ਰਜਿਸਟਰੀ ਨੂੰ ਦੱਸੋ।

## ਆਪਣੇ ਕੇਸ ਦੀ ਸੁਣਵਾਈ ਹੋਣ ਦੀ ਉਡੀਕ ਕਰਨਾ


- ਜਦੋਂ ਤੁਸੀਂ ਆਪਣੇ ਕੇਸ ਦੀ ਸੁਣਵਾਈ ਹੋਣ ਦੀ ਉਡੀਕ ਕਰਦੇ ਹੋ ਤਾਂ ਤੁਹਾਡੇ ਬੈਠਣ ਲਈ ਉਡੀਕ ਖੇਤਰ ਬਣਿਆ ਹੁੰਦਾ ਹੈ। ਕਿਰਪਾ ਕਰਕੇ ਸਬਰ ਰੱਖੋ ਕਿਉਂਕਿ ਤੁਹਾਨੂੰ ਕੁਝ ਘੰਟਿਆਂ ਲਈ **ਉਡੀਕ ਕਰਨੀ ਪੈ ਸਕਦੀ ਹੈ।**
- ਜੇ ਤੁਹਾਨੂੰ ਕਿਸੇ ਵੀ ਕਾਰਨ ਕਰਕੇ ਅਦਾਲਤ ਵਾਲੀ ਇਮਾਰਤ (ਕੋਰਟ ਹਾਊਸ) ਵਿੱਚੋਂ ਬਾਹਰ ਜਾਣ ਦੀ ਲੋੜ ਹੈ, ਤਾਂ ਕਿਰਪਾ ਕਰਕੇ ਰਜਿਸਟਰੀ ਨੂੰ ਦੱਸੋ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਤੁਸੀਂ ਆਪਣਾ ਕੇਸ ਖੁੰਝ ਨਾ ਜਾਓ।
- ਜੇ ਦੁਭਾਸ਼ੀਏ ਨੂੰ ਬੁੱਕ ਕੀਤਾ ਗਿਆ ਹੈ, ਤਾਂ ਤੁਹਾਡਾ ਕੇਸ ਉਦੋਂ ਤੱਕ ਸ਼ੁਰੂ ਨਹੀਂ ਹੋਣਾ ਚਾਹੀਦਾ ਜਦੋਂ ਤੱਕ ਤੁਹਾਡਾ ਦੁਭਾਸ਼ੀਆ ਨਹੀਂ ਆਉਂਦਾ।
- ਜਦੋਂ ਤੁਹਾਡਾ ਕੇਸ ਸੁਣਵਾਈ ਲਈ ਤਿਆਰ ਹੋਵੇਗਾ, ਤਾਂ ਤੁਹਾਨੂੰ ਅਦਾਲਤ ਦੇ ਕਮਰੇ ਵਿੱਚ ਬੁਲਾਇਆ ਜਾਵੇਗਾ।

# ਅਦਾਲਤ ਦਾ ਕਮਰਾ

- ਜਦੋਂ ਤੁਹਾਡਾ ਕੇਸ ਬੁਲਾਇਆ ਜਾਂਦਾ ਹੈ, ਤਾਂ ਅਦਾਲਤ ਦੇ ਕਮਰੇ ਵਿੱਚ ਜਾਓ।
- ਆਪਣੇ ਫ਼ੋਨ ਨੂੰ ਸਾਈਲੈਂਟ 'ਤੇ ਕਰੋ।
- ਅੰਦਰ ਦਾਖ਼ਲ ਹੋਣ ਅਤੇ ਬਾਹਰ ਨਿਕਲਣ ਵੇਲੇ ਮੈਜਿਸਟ੍ਰੇਟ ਅੱਗੇ ਝੁਕੋ।
- ਮੈਜਿਸਟ੍ਰੇਟ ਤੁਹਾਨੂੰ, ਤੁਹਾਡੇ ਵਕੀਲ ਨੂੰ ਜਾਂ ਪੁਲਿਸ ਨੂੰ ਇਸ ਬਾਰੇ ਕੁਝ ਸਵਾਲ ਪੁੱਛ ਸਕਦਾ ਹੈ ਕਿ ਤੁਹਾਡੇ ਕੇਸ ਨਾਲ ਕੀ ਚੱਲ ਰਿਹਾ ਹੈ।
- ਮੈਜਿਸਟ੍ਰੇਟ ਜਵਾਬ ਦੇਣ ਵਾਲੇ ਅਤੇ/ਜਾਂ ਉਨ੍ਹਾਂ ਦੇ ਵਕੀਲ ਦੀ ਗੱਲ ਵੀ ਸੁਣ ਸਕਦਾ ਹੈ।
- ਕੇਸ ਦੀ ਜਾਣਕਾਰੀ ਸੁਣਨ ਤੋਂ ਬਾਅਦ, ਮੈਜਿਸਟ੍ਰੇਟ ਫ਼ੈਸਲਾ ਕਰੇਗਾ ਕਿ ਅੱਗੇ ਕੀ ਕਰਨਾ ਹੈ। ਤੁਹਾਨੂੰ ਅਦਾਲਤ ਵਿੱਚ ਵਾਪਸ ਆਉਣ ਦੀ ਲੋੜ ਪੈ ਸਕਦੀ ਹੈ, ਜਾਂ ਤੁਹਾਡਾ ਕੇਸ ਇਸੇ ਦਿਨ ਖ਼ਤਮ ਹੋ ਸਕਦਾ ਹੈ। ਜਵਾਬ ਦੇਣ ਵਾਲੇ ਨੂੰ ਦਖ਼ਲ-ਅੰਦਾਜ਼ੀ ਦਾ ਆਦੇਸ਼ ਜਾਰੀ ਕੀਤਾ ਜਾ ਸਕਦਾ ਹੈ।
- ਜੇ ਤੁਸੀਂ ਇਸ ਬਾਰੇ ਸਪੱਸ਼ਟ ਨਹੀਂ ਹੋ ਕਿ ਕੀ ਹੋ ਰਿਹਾ ਹੈ ਤਾਂ ਮੈਜਿਸਟ੍ਰੇਟ ਜਾਂ ਪੁਲਿਸ ਨੂੰ ਸਵਾਲ ਪੁੱਛਣਾ ਠੀਕ ਹੈ। ਮੈਜਿਸਟ੍ਰੇਟ ਨੂੰ "ਯੂਅਰ ਔਨਰ" ਕਹਿ ਕੇ ਸੰਬੋਧਨ ਕਰੋ।

# ਅਦਾਲਤ ਤੋਂ ਬਾਅਦ

- ਮੈਜਿਸਟ੍ਰੇਟ ਵੱਲੋਂ ਤੁਹਾਡਾ ਕੇਸ ਪੂਰਾ ਕਰਨ ਤੋਂ ਬਾਅਦ ਤੁਹਾਨੂੰ ਦਸਤਾਵੇਜ਼ ਇਕੱਤਰ ਕਰਨ ਜਾਂ ਦਸਤਖ਼ਤ ਕਰਨ ਲਈ ਕਿਹਾ ਜਾ ਸਕਦਾ ਹੈ। ਰਜਿਸਟਰੀ ਡੈਸਕ 'ਤੇ ਜਾਓ ਅਤੇ ਦੇਖੋ ਕਿ ਕੀ ਅਦਾਲਤ ਛੱਡ ਕੇ ਜਾਣ ਤੋਂ ਪਹਿਲਾਂ ਤੁਹਾਨੂੰ ਕੁਝ ਕਰਨ ਦੀ ਜ਼ਰੂਰਤ ਹੈ।
- ਜੇ ਨਤੀਜੇ ਬਾਰੇ ਤੁਹਾਡੇ ਕੋਈ ਸ਼ੰਕੇ ਹਨ, ਤਾਂ ਕਾਨੂੰਨੀ ਸਲਾਹ ਲਓ ਜਾਂ ਰਜਿਸਟਰੀ ਨਾਲ ਗੱਲ ਕਰੋ।
- ਜੇ ਤੁਸੀਂ ਆਪਣੇ ਆਦੇਸ਼ ਨੂੰ ਬਦਲਣਾ ਜਾਂ ਵਧਾਉਣਾ ਚਾਹੁੰਦੇ ਹੋ, ਤਾਂ ਇੱਥੇ ਵੇਖੋ ਕਿ ਕਿਵੇਂ: www.mcv.vic.gov.au/family-matters/family-violence-intervention-orders-fvio


ਮੈਜਿਸਟ੍ਰੇਟ
ਅਦਾਲਤ ਕਲਰਕ
ਪੁਲਿਸ/ ਬਿਨੈਕਾਰ
ਜਵਾਬ ਦੇਣ ਵਾਲਾ/ ਵਕੀਲ
ਗਵਾਹ ਵਾਲਾ ਕਟਹਿਰਾ
ਕਾਨੂੰਨੀ ਸੁਰੱਖਿਆ ਪ੍ਰਾਪਤ ਵਿਅਕਤੀ
ਜਨਤਕ ਗੈਲਰੀ

Victorian Legal Services
**BOARD + COMMISSIONER**
Funded through the Legal Services Board Grants Program


ਕੋਰਟ ਨੈੱਟਵਰਕ
1800 571 239
www.courtnetwork.com.au
admin@courtnetwork.com.au
ਲੈਵਲ 5, 555 ਲੋਨਜ਼ਡੇਲ ਸਟ੍ਰੀਟ,
ਮੈਲਬੌਰਨ, ਵਿਕਟੋਰੀਆ, 3000


ਇਹ ਅਦਾਲਤ ਵਿੱਚ ਤੁਹਾਡੇ ਦਿਨ ਲਈ ਆਮ ਗਾਈਡ ਹੈ। ਅਦਾਲਤੀ ਪ੍ਰਕਿਰਿਆਵਾਂ ਬਦਲਣ ਨਾਲ ਜਾਣਕਾਰੀ ਬਦਲ ਸਕਦੀ ਹੈ।

ਔਨਲਾਈਨ ਸਰੋਤਾਂ ਤੱਕ ਪਹੁੰਚ ਕਰਨ ਲਈ, ਜਿਸ ਵਿੱਚ ਹੋਰ ਭਾਸ਼ਾਵਾਂ ਵੀ ਸ਼ਾਮਲ ਹਨ

ਕੋਰਟ ਨੈੱਟਵਰਕ ਨੂੰ ਸਿਫਾਰਸ਼ ਕਰਨ ਲਈ